# ਆਪਣੀ WIC ਅਪੌਇੰਟਮੈਂਟ 'ਤੇ ਕੀ ਲੈਕੇ ਆਉਣਾ ਚਾਹੀਦਾ ਹੈ
# (ਨਵਾਂ ਬਿਨੈਕਾਰ ਜਾਂ ਰੀਸਰਟੀਫਿਕੇਸ਼ਨ)

ਕਿਸ ਵਾਸਤੇ ਅਪੌਇੰਟਮੈਂਟ ਚਾਹੀਦੀ ਹੈ: ________________________ ☐ ਵਿਅਕਤੀਗਤ ਤੌਰ 'ਤੇ ☐ ਰਿਮੋਟ

ਅਪੌਇੰਟਮੈਂਟ ਦੀ ਮਿਤੀ: ________________ ਸਮਾਂ: ____________

WIC ਕਲੀਨਿਕ: ________________________

WIC ਫ਼ੋਨ/ਈਮੇਲ: ________________________

________________________

***ਜੇ ਤੁਹਾਨੂੰ ਆਪਣੀ ਅਪੌਇੰਟਮੈਂਟ ਰੀਸ਼ੈਡਿਊਲ ਕਰਨ ਦੀ ਲੋੜ ਪੈਂਦੀ ਹੈ ਜਾਂ ਅਪੌਇੰਟਮੈਂਟ ਮਿਸ ਹੋ ਜਾਂਦੀ ਹੈ ਤਾਂ WIC ਨੂੰ ਕਾਲ ਕਰੋ!***

WIC ਦੇ ਬਿਨੈਕਾਰਾਂ ਕੋਲ ਕਲੀਨਿਕ ਵਿੱਚ ਜਾ ਕੇ ਵਿਅਕਤੀਗਤ ਤੌਰ 'ਤੇ **ਜਾਂ** ਫ਼ੋਨ ਰਾਹੀਂ ਰਿਮੋਟਲੀ ਆਪਣੀ ਅਪੌਇੰਟਮੈਂਟ ਪੂਰੀ ਕਰਨ ਦਾ ਵਿਕਲਪ ਹੁੰਦਾ ਹੈ।

1. **ਸਿਰਫ਼ ਵਿਅਕਤੀਗਤ ਅਪੌਇੰਟਮੈਂਟਾਂ ਲਈ**, WIC ਲਈ ਅਰਜ਼ੀ ਦੇਣ ਵਾਲੇ ਹਰੇਕ ਵਿਅਕਤੀ ਲਈ ਪਹਿਲੀ ਅਪੌਇੰਟਮੈਂਟ 'ਤੇ ਮੌਜੂਦ ਹੋਣਾ **ਲਾਜ਼ਮੀ** ਹੈ।
2. **ਪਛਾਣ (ਆਈਡੀ)** – WIC ਲਈ ਅਰਜ਼ੀ ਦੇਣ ਵਾਲੇ ਅਤੇ/ਜਾਂ ਰੀਸਰਟੀਫਿਕੇਸ਼ਨ ਲੈਣ ਵਾਲੇ **ਹਰੇਕ ਵਿਅਕਤੀ** ਕੋਲ ਹੇਠਾਂ ਦਿੱਤੀ ਸੂਚੀ ਵਿੱਚੋਂ ਇੱਕ ਆਈਡੀ ਉਪਲਬਧ ਹੋਣੀ ਚਾਹੀਦੀ ਹੈ।

   **ਇਹ ਵਾਲੇ ਆਈਡੀ ਸਵੀਕਾਰ ਕੀਤੇ ਜਾਂਦੇ ਹਨ:**

   - ProviderOne ਕਾਰਡ (ਚਲਦਾ ਹੋਣਾ ਚਾਹੀਦਾ ਹੈ)
   - ਡਰਾਈਵਿੰਗ ਲਾਈਸੰਸ ਜਾਂ ਸਟੇਟ ਆਈਡੀ ਕਾਰਡ
   - ਮਿਲਟਰੀ ਆਈਡੀ
   - ਕਬੀਲੇ ਦਾ ਆਈਡੀ ਕਾਰਡ
   - ਦਫ਼ਤਰ ਜਾਂ ਸਕੂਲ ਦਾ ਆਈਡੀ
   - ਪਾਸਪੋਰਟ
   - ਰੈਜ਼ੀਡੈਂਟ ਏਲੀਅਨ ਕਾਰਡ, ਕੌਂਸਲਰ ਆਈਡੀ, ਜਾਂ ਕਿਸੇ ਹੋਰ ਦੇਸ਼ ਦਾ ਰਾਸ਼ਟਰੀ ਆਈਡੀ ਕਾਰਡ (ਉਦਾਹਰਨ: ਗਰੀਨ ਕਾਰਡ, Immigration and Customs Enforcement (ICE, ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ) ਆਈਡੀ ਕਾਰਡ)
   - ਜਨਮ ਸਰਟੀਫਿਕੇਟ
   - ਸਿਹਤ ਬੀਮਾ ਜਾਂ ਮਿਲਟਰੀ ਮੈਡੀਕਲ ਕਾਰਡ
   - ਸੋਸ਼ਲ ਸਿਕਿਉਰਿਟੀ ਕਾਰਡ
   - ਵੋਟਰ ਰਜਿਸਟ੍ਰੇਸ਼ਨ ਕਾਰਡ
   - ਨਵਜਾਤ ਅਤੇ ਬੱਚੇ: ਉੱਪਰ ਸੂਚੀਬੱਧ ਦਸਤਾਵੇਜ਼ ਜਾਂ ਹਸਪਤਾਲ ਦਾ ਜਨਮ ਰਿਕਾਰਡ, ਕਰਿਬ ਕਾਰਡ, ਐਂਕਲ ਬਰੇਸਲੈੱਟ, ਹਸਪਤਾਲ ਤੋਂ ਮਿਲਣ ਵਾਲੇ ਡਿਸਚਾਰਜ ਪੇਪਰ, ਨਵਜਾਤ ਬੱਚੇ ਦੀ ਸੁਣਨ ਸ਼ਕਤੀ ਦਾ ਟੈਸਟ ਜਾਂ ਹੋਰ ਮੁਲਾਂਕਣ, ਵੈੱਲ ਚਾਈਲਡ ਚੈੱਕ-ਅੱਪ, ਘਰ ਵਿੱਚ ਜਨਮ ਦਾ ਰਿਕਾਰਡ, ਬੱਚੇ ਦੀ ਜਨਮ ਮਿਤੀ ਦੇ ਨਾਲ ਲੈਟਰਹੈੱਡ ਜਾਂ ਪ੍ਰੈਸਕ੍ਰਿਪਸ਼ਨ ਪੈਡ ਉੱਤੇ ਡਾਕਟਰ ਜਾਂ ਦਾਈ ਦਾ ਨੋਟ।

   **ਨੋਟ:** WIC ਦੀ ਵਰਤੋਂ ਕਰਨ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਜਨਤਕ ਖਰਚੇ ਦਾ ਹਿੱਸਾ ਬਣ ਗਏ ਹੋ ਅਤੇ ਇਸ ਨਾਲ ਤੁਹਾਡੀ ਇਮੀਗ੍ਰੇਸ਼ਨ ਦੀ ਸਥਿਤੀ 'ਤੇ ਵੀ ਕੋਈ ਅਸਰ ਨਹੀਂ ਪੈਂਦਾ ਹੈ। Washington WIC ਵਾਸਤੇ ਯੋਗਤਾ ਪੂਰੀ ਕਰਨ ਲਈ ਅਮਰੀਕੀ ਨਾਗਰਿਕਤਾ ਲੋੜੀਂਦੀ ਨਹੀਂ ਹੈ।

3. **ਤੁਹਾਡਾ ਵਾਸ਼ਿੰਗਟਨ ਵਿੱਚ ਰਹਿਣ ਦਾ ਸਬੂਤ** – ਹੇਠ ਲਿਖਿਆਂ ਵਿੱਚੋਂ ਕੋਈ **ਇੱਕ** ਸਬੂਤ ਲੈਕੇ ਆਓ ਜਿਸ ਉੱਤੇ ਤੁਹਾਡਾ ਨਾਮ, ਪਤਾ, ਸ਼ਹਿਰ, ਰਾਜ ਅਤੇ ਜ਼ਿਪ ਕੋਡ ਮੌਜੂਦ ਹੋਵੇ। *WIC, ਪੀ.ਓ. ਬਾਕਸ ਨੂੰ ਰਿਹਾਇਸ਼ ਦਾ ਸਬੂਤ ਨਹੀਂ ਮੰਨਦਾ ਹੈ।*
   - ProviderOne ਕਾਰਡ (ਚਲਦਾ ਹੋਣਾ ਚਾਹੀਦਾ ਹੈ)
   - ਵਾਸ਼ਿੰਗਟਨ ਦਾ ਡਰਾਈਵਿੰਗ ਲਾਈਸੰਸ ਜਾਂ ਸਟੇਟ ਆਈਡੀ ਕਾਰਡ

- ਕੋਈ ਬਿੱਲ (ਗੈਸ, ਬਿਜਲੀ, ਪਾਣੀ, ਕੂੜਾ, ਜਾਂ ਫ਼ੋਨ)
- Medicaid, Supplemental Nutrition Assistance Program (SNAP, ਪੂਰਕ ਪੋਸ਼ਣ ਸਹਾਇਤਾ ਪ੍ਰੋਗਰਾਮ), ਜਾਂ Temporary Assistance for Needy Families (TANF, ਲੋੜਵੰਦ ਪਰਿਵਾਰਾਂ ਲਈ ਅਸਥਾਈ ਸਹਾਇਤਾ) ਸੂਚਨਾ ਪੱਤਰ
- ਕਿਰਾਏ ਜਾਂ ਕਿਸ਼ਤ ਦੀ ਸਟੇਟਮੈਂਟ ਜਾਂ ਰਸੀਦ
- ਵੋਟਰ ਰਜਿਸਟ੍ਰੇਸ਼ਨ ਕਾਰਡ, ਜਾਂ ਰਾਜ ਜਾਂ ਸਥਾਨਕ ਦਸਤਾਵੇਜ਼ ਜਿਸਦੇ ਲਈ ਰਾਜ ਜਾਂ ਸਥਾਨਕ ਰਿਹਾਇਸ਼ ਦੇ ਸਬੂਤ ਦੀ ਲੋੜ ਪੈਂਦੀ ਹੈ
- ਤਨਖਾਹ ਦੀ ਰਸੀਦ ਜਾਂ ਮਿਲਟਰੀ ਲੀਵ ਅਤੇ ਆਮਦਨ ਦੀ ਸਟੇਟਮੈਂਟ
- ਕੁਝ ਹੋਰ। ਉਦਾਹਰਨ: ਸਿਹਤ ਬੀਮਾ ਜਾਂ ਸੋਸ਼ਲ ਸਰਵਿਸ ਕਾਰਡ ਜਿਸ ਉੱਤੇ ਪਤਾ ਮੌਜੂਦ ਹੋਵੇ

4. **ਆਮਦਨ ਦਾ ਸਬੂਤ** – ਪਰਿਵਾਰ ਦੀ ਆਮਦਨ ਦੇ **ਸਾਰੇ** ਸਰੋਤਾਂ ਦਾ ਸਬੂਤ ਨਾਲ ਲਿਆਓ। ਇੱਕ ਪਰਿਵਾਰ ਵਿੱਚ ਉਹ ਲੋਕ ਸ਼ਾਮਲ ਹੁੰਦੇ ਹਨ ਜੋ ਇਕੱਠੇ ਰਹਿੰਦੇ ਹਨ ਅਤੇ ਆਮਦਨ ਅਤੇ ਘਰ ਦੇ ਖਰਚੇ ਆਪਸ ਵਿੱਚ ਵੰਡਦੇ ਹਨ। ਇਹਨਾਂ ਦੀਆਂ ਉਦਾਹਰਨਾਂ ਹਨ:
   - ProviderOne ਕਾਰਡ (ਚਲਦਾ ਹੋਣਾ ਚਾਹੀਦਾ ਹੈ)
   - ਰੁਜ਼ਗਾਰ (ਪਿਛਲੇ 30 ਦਿਨਾਂ ਦੀਆਂ ਤਨਖਾਹ ਦੀਆਂ ਰਸੀਦਾਂ)
   - ਮਿਲਟਰੀ ਲੀਵ ਅਤੇ ਆਮਦਨ ਦੀ ਸਟੇਟਮੈਂਟ
   - ਸਵੈ-ਰੁਜ਼ਗਾਰ
   - ਬੇਰੁਜ਼ਗਾਰੀ ਲਾਭ ਸਟੇਟਮੈਂਟ
   - ਜਨਤਕ ਸਹਾਇਤਾ ਸਟੇਟਮੈਂਟ (Food Distribution Program on Indian Reservations (FDPIR, ਭਾਰਤੀ ਰਿਜ਼ਰਵੇਸ਼ਨ 'ਤੇ ਭੋਜਨ ਵੰਡ ਪ੍ਰੋਗਰਾਮ), SNAP, TANF)
   - ਫੋਸਟਰ ਕੇਅਰ ਦੇ ਦਸਤਾਵੇਜ਼
   - ਬਾਲ ਸਹਾਇਤਾ
   - ਜੀਵਨ ਸਾਥੀ ਸਹਾਇਤਾ
   - ਪੂਰਕ ਸੁਰੱਖਿਆ ਆਮਦਨੀ (SSI)
   - ਸਕਾਲਰਸ਼ਿਪ ਜਾਂ ਗ੍ਰਾਂਟ
   - ਅਮਰੀਕਨ ਮੂਲ ਨਿਵਾਸੀ ਪ੍ਰਤੀ ਵਿਅਕਤੀ ਪੇਮੈਂਟ
   - ਰਿਸ਼ਤੇਦਾਰਾਂ ਜਾਂ ਦੋਸਤਾਂ ਕੋਲੋਂ ਪੈਸੇ
   - ਸਾਬਕਾ ਫ਼ੌਜੀਆਂ ਨੂੰ ਮਿਲਣ ਵਾਲੇ ਲਾਭ
   - ਰਿਟਾਇਰਮੈਂਟ/ਪੈਨਸ਼ਨ (ਨਾਗਰਿਕ ਜਾਂ ਫ਼ੌਜੀ)
   - ਕਰਮਚਾਰੀਆਂ ਲਈ ਮੁਆਵਜ਼ਾ, ਅਪੰਗਤਾ ਜਾਂ ਲੇਬਰ ਅਤੇ ਉਦਯੋਗ

5. ਜੇਕਰ ਉਪਲਬਧ ਹੋਵੇ ਤਾਂ ਦੋ ਸਾਲ ਤੋਂ ਘੱਟ ਉਮਰ ਦੇ ਨਵਜਾਤਾਂ ਅਤੇ ਬੱਚਿਆਂ ਦੇ **ਟੀਕਾਕਰਨ ਦੇ ਰਿਕਾਰਡ**।

ਇਹ ਇੱਕ ਬਰਾਬਰ ਦੇ ਮੌਕੇ ਪ੍ਰਦਾਨ ਕਰਨ ਵਾਲੀ ਸੰਸਥਾ ਹੈ। Washington WIC ਵੱਲੋਂ ਵਿਤਕਰਾ ਨਹੀਂ ਕੀਤਾ ਜਾਂਦਾ ਹੈ। ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-841-1410 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ wic@doh.wa.gov 'ਤੇ ਈਮੇਲ ਕਰੋ। DOH 962-1034 February 2025 Punjabi